# ਦਫਤਰ ਡਾਇਰੈਕਟਰ ਸਿੱਖਿਆ(ਸੈ.ਸਿ), ਪੰਜਾਬ

(ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ ਨਗਰ)

## ਪਬਲਿਕ ਨੋਟਿਸ

**(ਲੈਕਚਰਾਰ ਕਾਡਰ (ਬੈਕਲਾਗ ਅਤੇ ਸਿੱਧੀ ਭਰਤੀ) ਦੀਆਂ ਅਸਾਮੀਆਂ ਵਿਰੁੱਧ ਸਿਲੈਕਟ ਹੋਏ ਉਮੀਦਵਾਰਾਂ ਨੂੰ ਸਟੇਸ਼ਨ ਅਲਾਟ ਕਰਨ ਲਈ ਸੱਦਾ)**

1.0 ਸਿੱਖਿਆ ਵਿਭਾਗ, ਪੰਜਾਬ ਵਿੱਚ ਲੈਕਚਰਾਰ ਕਾਡਰ(ਬੈਕਲਾਗ ਅਤੇ ਸਿੱਧੀ ਭਰਤੀ) ਦੀਆਂ ਵੱਖ-ਵੱਖ ਵਿਸ਼ਿਆ ਦੀਆਂ ਅਸਾਮੀਆ ਭਰਤੀ ਲਈ ਮਿਤੀ 01.04.2021 ਨੂੰ ਇਸ਼ਤਿਹਾਰ ਦਿੱਤਾ ਗਿਆ ਹੈ। ਇਨ੍ਹਾਂ ਅਸਾਮੀਆ ਲਈ ਜਿਹਨਾ ਉਮੀਦਵਾਰਾ ਨੇ ਅਪਲਾਈ ਕੀਤਾ ਸੀ, ਉਨ੍ਹਾਂ ਵਿਚੋ ਸਿਲੈਕਟ ਹੋਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ। ਇਨ੍ਹਾਂ ਸਿਲੈਕਟ ਕੀਤੇ ਉਮੀਦਵਾਰਾਂ ਦੀ ਲਿਸਟਾ ਵੱਖ ਵੱਖ ਮਿਤੀਆਂ ਨੂੰ ਵਿਭਾਗ ਦੀ ਵੈਬਸਾਇਟ http://educationrecruitmentboard.com ਤੇ ਅਪਲੋਡ ਕੀਤੀਆ ਗਈਆ ਸਨ। ਇਸ ਉਪਰੰਤ ਸਿਲੈਕਟ ਉਮੀਦਵਾਰਾ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ।

2.0 ਇਹਨਾਂ ਵੱਖ-ਵੱਖ ਵਿਸ਼ਿਆਂ ਦੇ ਜਾਰੀ ਕੀਤੇ ਨਿਯੁਕਤੀ ਪੱਤਰਾਂ ਵਿਚੋਂ **Sociology, Commerce, Math** ਅਤੇ **Chemistry** ਦੇ ਉਮੀਦਵਾਰਾਂ ਨੂੰ ਹੇਠ ਅਨੁਸਾਰ ਸਟੇਸ਼ਨ ਅਲਾਟ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

3.0 ਇਹਨਾਂ ਨਵ-ਨਿਯੁਕਤ ਲੈਕਚਰਾਰਾਂ ਦੀ ਵਿਸ਼ੇ ਵਾਰ ਸਟੇਸ਼ਨ ਚੋਣ ਸੂਚੀ ਤਿਆਰ ਕੀਤੀ ਗਈ ਹੈ,ਜ਼ੋ ਕਿ ਇਹਨਾਂ ਦੇ ਵਟਸਐਪ ਗਰੁੱਪਾਂ ਵਿੱਚ ਵੱਖਰੇ ਤੋਰ ਤੇ ਅਪਲੋਡ ਕੀਤੀ ਜਾਵੇਗੀ।ਇਹਨਾਂ ਨਵ-ਨਿਯੁਕਤ ਲੈਕਚਰਾਰਾਂ ਨੂੰ ਤੈਨਾਤੀ ਲਈ ਸਟੇਸ਼ਨ ਚੋਣ ਇਸੇ ਚੋਣ ਸੂਚੀ ਵਿਚ ਦਰਜ ਕ੍ਰਮ ਅਨੁਸਾਰ ਕਰਵਾਈ ਜਾਵੇਗੀ।

4.0 ਇਹ ਨਵ-ਨਿਯੁਕਤ ਲੈਕਚਰਾਰ ਮਿਤੀ 31-08-2021 ਨੂੰ ਹੇਠਾ ਦਰਸਾਏ ਸਥਾਨ ਤੇ ਨਿੱਜੀ ਤੋਰ ਤੇ ਹਾਜਰ ਹੋ ਕੇ ਆਪਣਾ ਸਟੇਸ਼ਨ ਚੋਣ ਕਰਨਗੇ।ਇਹ ਨਵ-ਨਿਯੁਕਤ ਲੈਕਚਰਾਰ ਆਪਣੇ ਨਾਲ ਆਪਣਾ ਨਿਯੁਕਤੀ ਪੱਤਰ,ਅਪਲਾਈ ਕਰਨ ਦਾ ਸਬੂਤ, ਅਤੇ ਆਪਣਾ ਪਹਿਚਾਣ ਪੱਤਰ, ਲੈ ਕੇ ਹੇਠਾਂ ਦਰਸਾਏ ਅਨੁਸਾਰ ਸਥਾਨ ਤੇ ਹਾਜਰ ਹੋਣਗੇ:-

ਮਿਤੀ 31-08-2021 (ਮੰਗਲਵਾਰ)

| ਲੜੀ ਨੰ. | ਲੈਕਚਰਾਰ ਕਾਡਰ ਦੀ ਅਸਾਮੀ ਦਾ ਵਿਸ਼ਾ | ਬੁਲਾਏ ਜਾਣ ਵਾਲੇ ਉਮੀਦਵਾਰ | ਸਮਾਂ | ਸਥਾਨ ਜਿਥੇ ਨਿਯੁਕਤੀ ਪੱਤਰ ਦਿੱਤਾ ਜਾਣਾ ਹੈ। |
|---|---|---|---|---|
| 1. | **Sociology** | ਸਾਰੇ ਉਮੀਦਵਾਰ | 9.00 ਵਜੇ | ਸ਼ਿਵਾਲਿਕ ਪਬਲਿਕ ਸਕੂਲ, ਫੇਜ-6, ਸ.ਅ.ਸ. ਨਗਰ |
| 2 | **Math** | ਸਾਰੇ ਉਮੀਦਵਾਰ | 10.00 ਵਜੇ | |
| 3 | **Chemistry** | ਸਾਰੇ ਉਮੀਦਵਾਰ | 11.30 ਵਜੇ | |
| 4 | **Commerce** | ਸਾਰੇ ਉਮੀਦਵਾਰ | 1.30 ਵਜੇ | |

5.0 ਸਿਰਫ ਵਿਸ਼ਾ ਵਾਰ ਸਟੇਸ਼ਨ ਚੋਣ ਸੂਚੀ ਅਨੁਸਾਰ ਸਟੇਸ਼ਨ ਅਲਾਟਮੈਂਟ ਕੀਤੀ ਜਾਵੇਗੀ।ਅਗਰ ਕੋਈ ਨਵ-ਨਿਯੁਕਤ ਲੈਕਚਰਾਰ ਆਪਣੇ ਸਟੇਸ਼ਨ ਅਲਾਟਮੈਂਟ ਲਈ ਉਚ ਅਧਿਕਾਰੀਆਂ ਪਾਸ ਕਿਸੇ ਵੀ ਤਰਾਂ ਪਹੁੰਚ ਕਰੇਗਾ ਜਾਂ ਕਿਸੇ ਵੀ ਤਰਾਂ ਸਿਫਾਰਸ ਕਰਵਾਏਗਾ ਤਾਂ ਉਸ ਨੂੰ ਉਸ ਦੀ ਪਸੰਦ ਅਨੁਸਾਰ ਸਟੇਸ਼ਨ ਅਲਾਟ ਨਹੀਂ ਕੀਤਾ ਜਾਵੇਗਾ ਅਤੇ ਵਿਭਾਗ ਵੱਲੋਂ ਉਸ ਨੂੰ ਆਪਣੇ ਆਪ ਸਟੇਸ਼ਨ ਅਲਾਟ ਕਰ ਦਿੱਤਾ ਜਾਵੇਗਾ।ਇਸ ਸਬੰਧੀ ਪਹਿਲਾ ਹੀ ਪੰਜਾਬ ਸਰਕਾਰ ਦੇ ਸਰਕਾਰੀ ਕਰਮਚਾਰੀ (ਕੰਡਕਟ) ਰੂਲਜ,1966 ਵਿੱਚ ਸਪਸ਼ਟ ਤੋਰ ਤੇ ਦਰਜ ਕੀਤਾ ਹੋਇਆ ਹੈ। ਇਸ ਲਈ ਨਵ-ਨਿਯੁਕਤ ਲੈਕਚਰਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹਨਾਂ ਵੱਲੋਂ ਸਟੇਸ਼ਨ ਅਲਾਟਮੈਂਟ ਲਈ ਵਿਭਾਗ ਤੇ ਕਿਸੇ ਵੀ ਤਰਾਂ ਦੇ ਬਾਹਰੀ ਦਬਾਅ ਪਾਉਣ ਤੋਂ ਗੁਰੇਜ਼ ਕੀਤਾ ਜਾਵੇ।

6.0 ਅਗਰ ਕੋਈ ਨਵਨਿਯੁਕਤ ਲੈਕਚਰਾਰ ਆਪਣਾ ਸਟੇਸ਼ਨ ਚੋਣ ਕਰਨ ਲਈ ਹਾਜਰ ਨਹੀਂ ਹੁੰਦਾ ਤਾਂ ਵਿਭਾਗ ਵੱਲੋਂ ਉਸ ਨੂੰ ਆਪਣੇ ਪੱਧਰ ਤੇ ਸਟੇਸ਼ਨ ਅਲਾਟ ਕਰ ਦਿੱਤਾ ਜਾਵੇਗਾ।

7.0 ਸਾਰੇ ਅਧਿਆਪਕ ਸਰਕਾਰ ਦੀਆਂ ਹਦਾਇਤਾਂ ਨੂੰ ਮੱਦੇਨਜਰ ਰੱਖਦੇ ਹੋਏ ਮਾਸਕ ਲਗਾਕੇ ਆਉਣਾ ਅਤੇ ਸ਼ੋਸ਼ਲ ਡਿਸਟੈਸਿੰਗ ਰੱਖਣਾ ਯਕੀਨੀ ਬਣਾਉਣਗੇ।

ਗੁਰਮੀਤ ਕੌ
30-08-2021

ਮਿਤੀ : 30-08-2021

ਸਹਾਇਕ ਡਾਇਰੈਕਟਰ(ਸ.ਪ੍ਰ-1)